PUNJABI

## RIKU ਸੇਵਾਵਾਂ ਤੁਹਾਡੇ ਲਈ ਹਨ ਜੇਕਰ

- ਤੁਸੀ ਅਪਰਾਧ ਦੇ ਪੀੜਤ ਜਾਂ ਸ਼ੱਕੀ ਹੋ
- ਤੁਹਾਡਾਕੋਈ ਨਜ਼ਦੀਕੀ ਅਪਰਾਧ ਨਾਲ ਪੀੜਤ ਹੋਇਆ ਹੈ
- ਤੁਸੀਂ ਅਪਰਾਧ ਦੇ ਗਵਾਹ ਹੋ
- ਤੁਸੀ ਆਪਣਾ ਅਨੁਭਵ ਸਾਂਝਾ ਕਰਨਾ ਚਾਹੁੰਦੇ ਹੋ ਅਤੇ/ਜਾਂ ਸਹੀ ਸਲਾਹ ਲੈਣਾ ਚਾਹੰਦੇ ਹੋ
- ਤੁਸੀਂ ਇਕ ਪੇਸ਼ੇਵਰ ਹੋ ਜਿਸਨੂੰ ਅਪਣੇ ਗਾਹਕ ਨੂੰ ਮਦਦ ਕਰਨ ਲਈ ਸਲਾਹ ਦੀ ਲੋੜ ਹੈ

ਤੁਸੀ ਸਾਨੂੰ ਫੋਨ ਜਾਂ ਆਨਲਾਈਨ ਸੰਪਰਕ ਕਰ ਸਕਦੇ ਹੋ-ਗੁਮਨਾਮ ਤਰੀਕੇ ਨਾਲ ਵੀ। ਤੁਸੀ ਸਾਡੇ ਕਿਸੇ ਵੀ ਇਕ ਦਫਤਰ ਵਿੱਚ ਆਮ੍ਹਣੇ_ ਸਾਮ੍ਹਣੇ ਮੁਲਾਕਾਤ ਲਈ ਵੀ ਕਹਿ ਸਕਦੇ ਹੋ।

TUETTU VEIKKAUKSEN TUOTOILLA

RIKU ਇਕ ਸਰਕਾਰੀ ਏਜੰਸੀ ਨਹੀ ਹੈ, ਪਰ ਇਹ ਬਿਨਾ ਰਾਜਨੀਤਿਕ ਜਾਂ ਧਾਰਮਿਕ ਸੰਬੰਧ ਤੋਂ ਇਕ ਐਨਜੀਉ ਹੈ (NGO)। RIKU ਅਪਰਾਧ ਦੇ ਸ਼ਿਕਾਰ ਲੋਕਾਂ ਨੂੰ ਗੁਪਤ ਸਹਿਯੋਗ ਦਿੰਦਾ ਹੈ। ਤੁਹਾਡੀ ਜਾਣਕਾਰੀ ਫੋਨ ਤੁਹਾਡੀ ਸਹਿਮਤੀ ਦੇ ਬਗੈਰ ਕਿਸੇ ਨੂੰ ਨਾ ਦਿੱਤੀ ਜਾਵੇਗੀ।

## RIKU ਸੇਵਾਵਾਂ ਸ਼ੋਸ਼ਣ ਜਾਂ ਮਨੁੱਖੀ ਤਸਕਰੀ ਦੇ ਪੀੜਤ ਲਈ ਵੀ ਹਨ

• ਕੀ ਕੋਈ (ਉਦਾਹਰਣ ਲਈ ਰਿਸ਼ਤੇਦਾਰ, ਮਾਲਕ ਜਾਂ ਜੀਵਨ ਸਾਥੀ) ਤੁਹਾਡੀਆਂ ਹਰਕਤਾਂ ਜਾਂ ਦੂਜੇ ਲੋਕਾਂ ਨਾਲ ਤੁਹਾਡੀ ਗੱਲਬਾਤ ਆਪਣੇ ਵੱਸ ਹੇਠ ਰੱਖਦਾ ਹੈ? • ਕੀ ਤੁਹਾਨੂੰ ਕਿਹਾ ਗਿਆ ਹੈ ਕਿ ਫਿਨਲੈਂਡ ਆਉਣ ਲਈ ਤੁਸੀ ਕਿਸੇ ਦੇ ਪੈਸੇ ਦੇ ਦੇਣਦਾਰ ਹੋ? • ਕੀ ਤੁਸੀ ਡਰਦੇ ਹੋ ਕਿ ਤੁਹਾਡੇ ਜਾਂ ਤੁਹਾਡੇ ਕਿਸੇ ਨੇੜਲੇ ਨਾਲ ਬੁਰਾ ਹੋਵੇਗਾ ਜੇ ਤੁਸੀ ਆਪਣੇ ਮਾਲਕ ਤੋਂ ਅਸਹਿਮਤ ਹੋਵੋਗੇ? • ਕੀ ਤੁਸੀ ਮੁਫਤ ਵਿੱਚ ਕੰਮ ਕਰ ਰਹੇ ਹੋ ਜਾਂ ਤੁਹਾਡੀ ਤਨਖਾਹ ਇੰਨੀ ਘੱਟ ਹੈ ਕਿ ਤੁਸੀਂ ਆਪਣਾ ਜ਼ਰੂਰੀ ਰਹਿਣ ਦਾ ਖਰਚਾ ਵੀ ਨਹੀਂ ਦੇ ਸਕਦੇ? • ਕੀ ਜਿੰਨੀ ਤਨਖਾਹ ਤੁਹਾਨੂੰ ਮਿਲ ਰਹੀ ਹੈ ਉਸ ਤੋਂ ਵੱਧ ਦਾ ਵਾਅਦਾ ਕੀਤਾ ਗਿਆ ਸੀ? • ਕੀ ਤੁਸੀ ਹਰ ਦਿਨ ਲਗਭਗ 10 ਘੰਟਿਆਂ ਤੋਂ ਜਿਆਦਾ ਕੰਮ ਕਰਦੇ ਹੋ? • ਕੀ ਜਿਹੜੀ ਨੌਕਰੀ ਤੁਹਾਨੂੰ ਕਰਨੀ ਪੈ ਰਹੀ ਹੈ ਉਸ ਤੋਂ ਵੱਖਰੀ ਦਾ ਵਾਅਦਾ ਕੀਤਾ ਗਿਆ ਸੀ? • ਕੀ ਤੁਹਾਨੂੰ ਕਿਸੇ ਨੇ ਕਿਹਾ ਹੈ ਕਿ ਤੁਹਾਨੂੰ ਫਿਨਲੈਂਡ ਤੋਂ ਬਾਹਰ ਭੇਜ ਦਿਤਾ ਜਾਵੇਗਾ ਜਾਂ ਤੁਸੀ ਆਪਣਾ ਰਿਹਾਇਸ਼ੀ ਪਰਮਿਟ ਗਵਾ ਦੇਵੋਗੇ? • ਕੀ ਤੁਹਾਨੂੰ ਕੋਈ ਕੁਝ ਅਪਰਾਧਕ ਜਾਂ ਕੁਝ ਹੋਰ ਕਰਨ ਲਈ ਮਜਬੂਰ ਕਰ ਰਿਹਾ ਹੈ ਜੋ ਤੁਸੀ ਨਹੀਂ ਕਰਨਾ ਚਾਹੁੰਦੇ? • ਕੀ ਤੁਸੀ ਆਪਣੀ ਹਾਲਤ ਬਾਰੇ ਗੱਲ ਕਰਨ ਤੋਂ ਡਰਦੇ ਹੋ?

ਜੇਕਰ ਤੁਸੀ ਜਾਂ ਕੋਈ ਹੋਰ ਜਿਸਨੂੰ ਤੁਸੀ ਜਾਣਦੇ ਹੋ, ਨੇ ਇਹਨਾਂ ਵਿਚੋਂ ਇਕ ਜਾਂ ਕਾਫੀ ਚੀਜਾਂ ਦਾ ਅਨੁਭਵ ਕੀਤਾ ਹੈ, ਤਾਂ ਆਪਣੇ ਨੇੜਲੇ RIKU ਦਫਤਰ ਤੇ ਸੰਪਰਕ ਕਰੋ ਜਾ **help@riku.fi** ਤੇ ਈ-ਮੇਲ ਕਰੋ। ਸਾਰੀਆਂ ਕਾਲਾਂ ਅਤੇ ਈ-ਮੇਲ ਨੂੰ ਗੁਪਤ ਰੱਖਿਆ ਜਾਵੇਗਾ ਅਤੇ ਤੁਹਾਡੀ ਆਗਿਆ ਤੋਂ ਬਿਨਾਂ ਕਿਸੇ ਨੂੰ ਵੀ ਨਹੀ ਭੇਜਿਆ ਜਾਵੇਗਾ।

RIKU

RIKOSUHRIPÄIVYSTYS

## ਪੀੜਤ ਸੁਪੋਰਟ ਫਿਨਲੈਂਡ (RIKU) ਅਪਰਾਧ ਪੀੜਤਾਂ, ਉਹਨਾਂ ਦੇ ਨੇੜੇਲਿਆਂ ਅਤੇ ਅਪਰਾਧ ਦੇ ਗਵਾਹਾਂ ਨੂੰ

ਫੋਨ

ਔਨਲਾਈਨ

ਆਹਮਣੇ-ਸਾਹਮਣੇ ਗਾਈਡ ਕਰਦਾ ਹੈ ਅਤੇ ਉਹਨਾਂ ਦੀ ਮਦਦ ਕਰਦਾ ਹ

## ਫੋਨ ਦੁਆਰਾ

## ਆਨਲਾਈਨ

## ਸਾਡੇ ਦਫਤਰਾਂ ਤੇ ਨਿਜੀ ਸੇਵਾ

### ਨੈਸ਼ਨਲ ਹੈਲਪਲਾਈਨ
(ਜਿਆਦਾਤਰ ਫਿਨਿੱਸ਼ ਵਿੱਚ)
**116006**
ਸੋਮਵਾਰ-ਮੰਗਲਵਾਰ ਦੁਪਹਿਰੇ 1 ਤੋਂ ਸ਼ਾਮ 9 ਅਤੇ ਬੁੱਧਵਾਰ-ਸ਼ੁੱਕਰਵਾਰ ਸ਼ਾਮ 5 ਵਜੇ ਤੋਂ ਸ਼ਾਮ 9 ਵਜੇ

### ਕਾਨੂੰਨੀ ਸਲਾਹ ਹੈਲਪਲਾਈਨ
(ਫਿਨਿੱਸ਼ ਵਿੱਚ)
**0800-161177**
(ਸੋਮਵਾਰ-ਵੀਰਵਾਰ ਸ਼ਾਮ 5 ਤੋਂ ਸ਼ਾਮ 7)

### RIKU ਦਫਤਰ
ਫਿਨਲੈਂਡ ਦੇ ਆਲੇ-ਦੁਆਲੇ ਸਾਡੇ ਦਫਤਰ ਸਹਿਯੋਗ ਅਤੇ ਸਲਾਹਕਾਰੀ ਸੇਵਾ ਮੁਹੱਈਆ ਕਰਵਾਉਂਦੇ ਹਨ। ਉਹਨਾਂ ਦੀ ਸੰਪਰਕ ਜਾਣਕਾਰੀ **www.riku.fi** ਤੋਂ ਲਵੋ

RIKU ਚੈਟ ਇਕ ਚੈਟ ਸੇਵਾ ਹੈ ਜਿੱਥੇ ਤੁਸੀਂ ਵਾਸਤਵਿਕ ਸਮੇਂ ਵਿੱਚ (ਜਿਆਦਾਤਰ ਫਿਨਿੱਸ਼ ਵਿੱਚ) ਸਵਾਲ ਪੁੱਛ ਸਕਦੇ ਹੋ। ਤੁਸੀਂ ਗੁਮਨਾਮ ਰਹਿਣ ਦੀ ਚੋਣ ਕਰ ਸਕਦੇ ਹੋ। ਤੁਸੀ **www.riku.fi.** ਤੇ ਚੈਟ ਦੇ ਲਾਭ ਲੈ ਸਕਦੇ ਹੋ।

RIKU ਵੈਬ ਪੇਜ ਪੀੜ੍ਹਤ ਅਤੇ ਅਪਰਾਧਕ ਪ੍ਰਕਿਰਿਆ ਬਾਰੇ ਵੱਧ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਮੁੱਢਲੀ ਜਾਣਕਾਰੀ 20 ਵੱਖ-ਵੱਖ ਭਾਸ਼ਾਵਾਂ ਵਿੱਚ ਮੌਜੂਦ ਹੈ।।

/rikosuhripaivystys @rikosuhrit

ਫਿਨਲੈਂਡ ਦੇ ਆਲੇ-ਦੁਆਲੇ RIKU ਦਫਤਰ ਅਪਰਾਧ ਦੇ ਪੀੜਤ ਅਤੇ ਗਵਾਹਾਂ ਨੂੰ ਬਿਨਾਂ ਖਰਚੇ ਤ ਮਦਦ ਕਰਦੇ ਹਨ। ਅਸੀਂ ਹਮੇਸ਼ਾ ਇੱਕ ਭਰੋਸੇਯੋਗ ਦੁਭਾਸ਼ੀਏ ਦੀ ਵਰਤੋਂ ਕਰਦੇ ਹਾਂ ਜੋ ਸਖਤ ਗੁਪਤਤਾ ਨਾਲ ਬੱਝਾ ਹੁੰਦਾ ਹੈ। ਤੁਸੀ RIKU ਵੈਬਸਾਈਟ ਤੇ ਆਪਣੇ ਸਭ ਤੋਂ ਨੇੜੇ ਦੇ ਦਫਤਰ ਦੀ ਸੰਪਰਕ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਸਾਡੇ ਦਫਤਰ ਦੇ ਜ਼ਰੀਏ ਤੁਸੀ ਇਕ ਸਹਿਯੋਗੀ ਵਿਅਕਤੀ ਵਾਸਤੇ ਵੀ ਪੁੱਛ ਸਕਦੇ ਹੋ, ਜਿਸਦੇ ਨਾਲ ਮਿਲ ਕੇ ਤੁਸੀ ਗੁਪਤ ਤਰੀਕੇ ਨਾਲ ਗੱਲ ਕਰ ਸਕਦੇ ਹੋ। ਸਹਿਯੋਗੀ ਵਿਅਕਤੀ ਤੁਹਾਨੂੰ ਸੁਣਦਾ ਹੈ ਅਤੇ ਸਹੀ ਸਲਾਹ ਦਿੰਦਾ ਹੈ, ਅਤੇ ਤੁਹਾਡੇ ਨਾਲ ਪੁਲਿਸ ਸਟੇਸ਼ਨ ਜਾਂ ਅਦਾਲਤ ਵੀ ਜਾ ਸਕਦਾ ਹੈ।